# ਧਰਮੁ ਕਉਨੁ ਗਜਿ ਕੀਨਾ

ੴ ਸਤਿ ਗੁਰ ਪ੍ਰਸਾਦਿ

## ਰਾਗੁ ਰਾਮਕਲੀ ਮਹਲਾ ੯ ਤਿਪਦੇ

ਸ਼ਬਦ ਅਰੰਭ ਕਰਣ ਤੋਂ ਪਹਿਲਾਂ, ਮੰਗਲਾਚਰਣ ਦਾ ਸੰਖਿਪਤ ਸਰੂਪ ਦਰਜ ਹੈ। ਕਈ ਸ਼ਬਦਾਂ ਵਿਚ ਰਾਗ ਦਰਜ ਕਰਣ ਤੋਂ ਪਹਿਲਾਂ ਅਤੇ ਕਈ ਸ਼ਬਦਾਂ ਵਿਚ ਰਾਗ ਦਰਜ ਕਰਣ ਤੋਂ ਬਾਅਦ ਮੰਗਲਾਚਰਣ ਅੰਕਤ ਕੀਤਾ ਜਾ ਰਿਹਾ ਹੈ। ਇਹ ਨਿਰਣਾ ਅਜ ਤਕ ਨਹੀਂ ਕੀਤਾ ਗਿਆ ਕਿ ਗੁਰੂ ਸਾਹਿਬ ਨੇ ਕੀ ਤਰਤੀਬ ਵਰਤੀ ਸੀ।

ਇਹ ਸ਼ਬਦ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ, ਰਾਮਕਲੀ ਰਾਗ ਵਿਚ ਉਚਾਰਣ ਕੀਤਾ ਹੋਇਆ ਹੈ, ਇਸ ਦੇ ਤਿੰਨ ਪਦੇ ਹਨ ਅਤੇ ਪੰਨਾ ੯੦੧ ਤੇ ਸੁਭਾਇਮਾਨ ਹੈ।

**ਰੇ ਮਨ ਓਟ ਲੇਹੁ ਹਰਿ ਨਾਮਾ।।**

**ਜਾ ਕੈ ਸਿਮਰਨਿ ਦੁਰਮਤਿ ਨਾਸੈ ਪਾਵਹਿ ਪਦੁ ਨਿਰਬਾਨਾ।।੧।।ਰਹਾਉ।।**

-- ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਨ ਨੂੰ ਸੰਬੋਧਨ ਕਰ ਰਹੇ ਹਨ ਕਿ ਤੂੰ ਹਰੀ ਪ੍ਰਭੂ ਦੇ ਨਾਮ ਸਿਮਰਨ ਦਾ ਓਟ ਆਸਰਾ ਲੈ ਕਿਉਂਕਿ ਉਸ ਦੇ ਸਿਮਰਣ ਨਾਲ ਹੀ ਮਾੜੀ ਮਤਿ ਦਾ ਨਾਸ ਹੁੰਦਾ ਹੈ ਅਤੇ ਇਸ ਜੀਵਨ ਦਾ ਮਨੋਰਥ, ਨਿਰਬਾਣ ਪਦ ਪ੍ਰਾਪਤ ਹੁੰਦਾ ਹੈ।੧।ਰਹਾਉ।

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੨੩੨ ਤੇ ਫ਼ੁਰਮਾਣ ਕਰਦੇ ਹਨ ਕਿ ਜਦੋਂ ਹਿਰਦੇ ਵਿਚ ਗੁਣਾਂ ਦੇ ਖ਼ਜ਼ਾਨੇ, ਰਾਮ ਨਾਮ ਦਾ ਨਿਵਾਸ ਹੋ ਜਾਂਦਾ ਹੈ ਤਾਂ ਹਉਮੈ, ਮਮਤਾ ਅਤੇ ਮਾੜੀ ਮਤਿ ਆਦਿ ਦੁਖਾਂ ਦਾ ਨਾਸ ਹੋ ਜਾਂਦਾ ਹੈ - 'ਹਉਮੈ ਮਮਤਾ ਦੁਰਮਤਿ ਦੁਖੁ ਨਾਸੁ।। ਜਬ ਹਿਰਦੈ ਰਾਮ ਨਾਮ ਗੁਣਤਾਸੁ।।'

ਦੁਰਮਤਿ ਦੂਰ ਕਰਣ ਦਾ ਦੂਜਾ ਸਾਧਨ ਹੈ ਸਾਧੂ ਦੀ ਸੰਗਤਿ। ਪੰਜਵੇਂ ਪਾਤਸ਼ਾਹ ਦੇ, ਪੰਨਾ ੫੨੦ ਤੇ ਬਚਨ ਹਨ ਕਿ ਉਹ ਸਾਧੂ ਜਨ ਹੀ ਸਾਡੇ ਅਸਲ ਮਿਤਰ ਹੁੰਦੇ ਹਨ ਜਿਨ੍ਹਾਂ ਦੇ ਦਰਸ਼ਨ ਦੇ ਨਾਲ ਦੁਰਮਤਿ ਦਾ ਨਾਸ ਹੋ ਜਾਂਦਾ ਹੈ, ਪਰ ਇਹ, ਦੁਨੀਆਂ ਵਿਚ ਕੋਈ ਵਿਰਲੇ ਹੀ ਹੁੰਦੇ ਹਨ, ਮੈਂ ਸਾਰਾ ਜਗ ਟੋਲ ਕੇ ਵੇਖ

ਲਿਆ ਹੈ - 'ਜਿਨ੍ਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ।। ਹਉ ਢੂਢੇਦੀ ਜਗ ਸਬਾਇਆ ਜਨ ਨਾਨਕ ਵਿਰਲੇ ਕੇਈ।।' ਉਨ੍ਹਾਂ ਨੂੰ ਲਭਣਾ ਅਤੇ ਸਿਮਰਣ ਕਰਨਾ, ਦੋਵੇਂ ਹੀ ਔਖੇ ਕੰਮ ਹਨ, ਪਰ ਦੁਰਮਤਿ ਦੂਰ ਕਰਣ ਦੇ ਇਹੀ ਉਪਾਅ ਹਨ।

**ਬਡਭਾਗੀ ਤਿਹ ਜਨ ਕਉ ਜਾਨਹੁ ਜੋ ਹਰਿ ਕੇ ਗੁਨ ਗਾਵੈ।।**

**ਜਨਮ ਜਨਮ ਕੇ ਪਾਪ ਖੋਇ ਕੈ ਫੁਨਿ ਬੈਕੁੰਠ ਸਿਧਾਵੈ।।੧।।**

-- ਗੁਰੂ ਸਾਹਿਬ ਅਨੁਸਾਰ ਉਸ ਮਨੁਖ ਨੂੰ ਵਡੇ ਭਾਗਾਂ ਵਾਲਾ ਜਾਣੋ ਜੋ ਹਰੀ, ਪ੍ਰਭੂ ਦੇ ਗੁਣਾਂ ਦਾ ਗਾਨ ਕਰਦਾ ਹੈ, ਭਾਵ, ਸਿਮਰਣ ਕਰਦਾ ਹੈ।

ਸ੍ਰੀ ਗੁਰੂ ਰਾਮਦਾਸ ਸਾਹਿਬ ਦੇ, ਪੰਨਾ ੪੧ ਤੇ ਬਚਨ ਹਨ ਕਿ ਜੋ ਗੁਰੂ ਨੂੰ ਭਾਅ ਗਏ ਅਤੇ ਜਿਨ੍ਹਾਂ ਨੇ ਹਰੀ ਦੇ ਨਾਮ ਨੂੰ ਜਪ ਜਪ ਕੇ ਉਸ ਦਾ ਰਸ ਚਖ ਲਿਆ ਉਹ ਵਡੇ ਭਾਗਾਂ ਵਾਲੇ ਜਾਣੀਏਂ - 'ਸੇ ਵਡਭਾਗੀ ਵਡ ਜਾਣੀਅਹਿ ਜਿਨ ਹਰਿ ਰਸੁ ਖਾਧਾ ਗੁਰ ਭਾਇ।।' ਕਿਉਂਕਿ ਪ੍ਰਭੂ ਦੀ ਕਿਰਪਾ ਹੋਵੇ ਤਾਂ ਹੀ ਇਹ ਸਮਝ ਪੈਂਦੀ ਹੈ ਕਿ ਮੁਕਤੀ ਦਾ ਮਾਰਗ ਸਿਮਰਣ ਅਤੇ ਸਾਧੂ ਦੀ ਸੰਗਤਿ ਹੈ ਅਤੇ ਉਸ ਦੀ ਕਿਰਪਾ ਹੋਵੇ ਤਾਂ ਹੀ ਸਿਮਰਣ ਹੁੰਦਾ ਹੈ - 'ਤਉ ਕਿਰਪਾ ਤੇ ਮਾਰਗੁ ਪਾਈਐ।। ਪ੍ਰਭ ਕਿਰਪਾ ਤੇ ਨਾਮੁ ਧਿਆਈਐ।।', ਪੰਨਾ ੧੮੦ ਅਤੇ ਪ੍ਰਭੂ ਦੀ ਕਿਰਪਾ ਨਾਲ ਹੀ ਸਾਧੂ ਦੀ ਸੰਗਤਿ ਪ੍ਰਾਪਤ ਹੁੰਦੀ ਹੈ, ਸਾਧੂ ਨਾਲ ਮਿਲਾਪ ਹੁੰਦਾ ਹੈ - 'ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ।।', ਪੰਨਾ ੧੭੯. ਪ੍ਰਭੂ ਦੀ ਕਿਰਪਾ ਪ੍ਰਾਪਤ ਹੋਣੀ ਕੋਈ ਸਧਾਰਣ ਗਲ ਨਹੀਂ। ਇਸ ਲਈ ਤਾਂ ਵਡੇ ਵਡੇ ਜੋਗੀ, ਤਪੱਸਵੀ, ਮੁਨੀ ਲੋਚਦੇ ਹਨ। ਇਸੇ ਕਰਕੇ ਬਚਨ ਹਨ ਕਿ ਨਾਮ ਜਪਣ ਵਾਲਾ ਅਤੇ ਸਾਧੂ ਸੰਗਤਿ ਕਰਣ ਵਾਲਾ ਵਿਅਕਤੀ ਉਤਮ ਭਾਗਾਂ ਵਾਲਾ ਹੁੰਦਾ ਹੈ। ਹਰ ਕੋਈ ਇਹ ਦੋਵੇਂ ਕੰਮ ਕਰਣ ਦੀ ਲੋੜ ਹੀ ਨਹੀਂ ਮਹਿਸੂਸ ਕਰਦਾ ਅਤੇ ਲੋੜ ਮਹਿਸੂਸ ਹੋਣ ਤੇ ਵੀ ਇਹ ਕੰਮ ਨਹੀਂ ਹੁੰਦੇ। ਮਾਇਆ ਦੀ ਪਕੜ ਇਤਨੀ ਕਰੜੀ ਹੁੰਦੀ ਹੈ ਕਿ ਇਸ ਪਾਸੇ ਲਗਣ ਹੀ ਨਹੀਂ ਦਿੰਦੀ।

-- ਅਜਿਹਾ ਮਨੁਖ, ਜੋ ਨਾਮ ਜਪਦਾ ਹੈ, ਅਜਿਹਾ ਕਰਨ ਨਾਲ ਉਸ ਦੇ ਜਨਮ ਜਨਮ ਦੇ ਪਾਪ ਖਤਮ ਹੋ ਜਾਂਦੇ ਹਨ ਅਤੇ ਫ਼ਿਰ ਅੰਤ ਨੂੰ ਉਹ ਬੈਕੁੰਠ ਦੇਸ ਨੂੰ ਪਹੁੰਚ ਜਾਂਦਾ ਹੈ।੧।

ਸ੍ਰੀ ਗੁਰੂ ਅਰਜਨ ਸਾਹਿਬ, ਪੰਨਾ ੨੩੬ ਤੇ ਨਾਮ ਜਪਣ ਦੇ ਨਾਲ ਬੈਕੁੰਠ ਦਾ

ਵਾਸਾ ਮਿਲਣ ਦਾ ਵਾਕ ਦਰਜ ਕੀਤਾ ਹੈ - 'ਜਾਸੁ ਜਪਤ ਕਈ ਬੈਕੁੰਠ ਵਾਸੁ।।' ਬੇਸ਼ਕ ਬੈਕੁੰਠ ਦੀ ਪ੍ਰਾਪਤੀ ਤੋਂ ਵੀ ਉਪਰਲੀਆਂ ਅਵਸਥਾਵਾਂ ਦੇ ਅਨੇਕਾਂ ਪ੍ਰਮਾਣ, ਬਾਣੀ ਵਿਚ ਮੌਜੂਦ ਹਨ।

**ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ।।**

**ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ।।੨।।**

-- ਗੁਰੂ ਸਾਹਿਬ ਅਜਾਮਲ ਦੀ ਮਿਸਾਲ ਦਿੰਦੇ ਹਨ ਕਿ ਉਸ ਨੂੰ ਅੰਤ ਸਮੇਂ ਆਪਣੇ ਪੁਤਰ ਨਾਰਾਇਣ ਨੂੰ ਬੁਲਾਉਂਦੇ ਬੁਲਾਉਂਦੇ ਨਾਰਾਇਣ ਪ੍ਰਭੂ ਦਾ ਧਿਆਨ ਆ ਗਿਆ, ਉਸ ਨੂੰ ਧਿਆ ਲਿਆ ਅਤੇ ਉਸ ਨਾਲ ਲਿਵ ਲਗ ਗਈ।

-- ਜੋ ਪ੍ਰਾਪਤੀ, ਵਡੇ ਵਡੇ ਜੋਗੀ, ਤਪੱਸਵੀ ਲੋਚਦੇ ਹਨ, ਅਜਾਮਲ ਨੇ ਇਤਨੇ ਥੋੜੇ ਜਿਹੇ ਸਮੇਂ ਵਿਚ ਹੀ ਪ੍ਰਾਪਤ ਕਰ ਲਈ।੨।

ਨੌਵੇਂ ਪਾਤਸ਼ਾਹ, ਪੰਨਾ ੬੩੨ ਤੇ ਵੀ ਸਮਝਾਉਂਦੇ ਹਨ ਕਿ ਅਜਾਮਲ ਬਾਰੇ ਸਾਰਾ ਜਗ ਜਾਣਦਾ ਸੀ ਕਿ ਉਹ ਪਾਪੀ ਸੀ, ਵੇਸਵਾ ਨਾਲ ਵਿਆਹ ਕੀਤਾ ਸੀ ਅਤੇ ਡਾਕੇ ਮਾਰਦਾ ਸੀ। ਇਕ **ਸਾਧੂ ਦੇ ਬਚਨ** ਕਰਣ ਤੇ ਉਸ ਨੇ, ਆਪਣੇ ਪੁਤਰ ਦਾ ਨਾਂ **ਨਾਰਾਇਣ** ਰਖ ਲਿਆ। ਸਾਧੂ ਦੇ ਬਚਨ ਹਮੇਸ਼ਾਂ ਸੁਖਦਾਈ ਅਤੇ ਫ਼ਲਦਾਈ ਹੁੰਦੇ ਹਨ। ਅੰਤ ਕਾਲ, ਉਸ ਨੂੰ ਬੁਲਾਉਂਦੇ ਦੀ ਲਿਵ ਲਗ ਗਈ ਤੇ ਪਰਮ ਗਤੀ ਨੂੰ ਪ੍ਰਾਪਤ ਹੋਇਆ - 'ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ।। ਨਾਨਕ ਕਹਤ ਚੇਤ ਚਿੰਤਾਮਨਿ ਤੈ ਭੀ ਉਤਰਹਿ ਪਾਰਾ।।' ਪਾਤਸ਼ਾਹ ਦੇ ਬਚਨ ਹਨ ਕਿ ਜੋ ਵੀ ਮਨੁਖ ਉਸ, ਮਨ ਬਾਂਚਤ ਫ਼ਲ ਦੇਣ ਵਾਲੇ ਪ੍ਰਭੂ ਨੂੰ ਚੇਤੇ ਕਰ ਲਏਗਾ, ਸਿਮਰ ਲਏਗਾ ਉਹ ਵੀ ਪਾਰ ਹੋ ਜਾਏਗਾ।

**ਨਾਹਿਨ ਗੁਨੁ ਨਾਹਿਨ ਕਛੁ ਬਿਦਿਆ ਧਰਮੁ ਕਉਨੁ ਗਜਿ ਕੀਨਾ।।**

**ਨਾਨਕ ਬਿਰਦੁ ਰਾਮ ਕਾ ਦੇਖਹੁ ਅਭੈ ਦਾਨੁ ਤਿਹ ਦੀਨਾ।।੩।।੧।।**

-- ਗਜ, ਹਾਥੀ ਵਿਚਾਰੇ ਨੇ ਕਿਹੜਾ ਕੋਈ ਅਧਿਆਤਵਾਦ ਦੇ ਗੁਣ ਜਾਂ ਵਿਦਿਆ ਹਾਸਲ ਕੀਤੀ ਸੀ, **ਉਸਨੇ ਕਿਹੜਾ ਕੋਈ ਧਰਮ ਕੀਤਾ ਸੀ** ਜਾਂ ਕੋਈ ਧਰਮ ਅਪਣਾਇਆ ਸੀ !

-- ਪ੍ਰਭੂ ਰਾਮ ਦਾ ਬਿਰਦ ਵੇਖੋ, ਜੋ ਪ੍ਰਭੂ ਨੇ ਉਸ ਦਾ ਸਿਮਰਣ ਕਰਣ

ਕਰ ਕੇ, ਉਧਾਰ ਕਰ ਦਿਤਾ, ਉਸ ਨੂੰ ਅਭੈ ਦਾਨ ਦੇ ਦਿਤਾ, ਹਰ ਕਿਸਮ ਦੇ ਭੈਅ ਤੋਂ ਮੁਕਤ ਕਰ ਦਿਤਾ।੩।੧।

**ਭਾਗਵਤ ਪੁਰਾਣ** ਦੇ ਅਠਵੇਂ ਸਕੰਧ ਵਿਚ ਇਹ ਕਥਾ ਆਉਂਦੀ ਹੈ। ਇੰਦ੍ਰਦਿਊਮਨ ਨਾਂ ਦਾ ਇਕ ਧਰਮੀ ਰਾਜਾ ਹੋਇਆ ਜੋ ਗੁਰ-ਜੋਤਿ ਦਾ ਹੀ ਉਪਾਸ਼ਕ ਸੀ। ਅਗਸਤ ਮੁਨੀ ਦੀ ਬੇ-ਅਦਬੀ ਕਰ ਬੈਠਾ। ਫ਼ਲ ਸਰੂਪ ਹਾਥੀ ਦੀ ਜੂਨ ਮਿਲ ਗਈ। ਦੂਜੇ ਬੰਨੇ, ਹੂਹੂ ਨਾਂ ਦਾ ਇਕ ਗੰਧਰਬ ਰਾਜਾ ਸੀ। ਉਸਨੇ ਦੇਵਾਲਾ ਨਾਂ ਦੇ ਰਿਖੀ ਦੀ, ਮਜ਼ਾਕ ਵਿਚ, ਬੇ-ਅਦਬੀ ਕਰ ਲਈ ਅਤੇ ਮਗਰਮੱਛ ਦੀ ਜੂਨ ਪਿਆ। ਸੰਤਾਂ ਦੀ ਨਿੰਦਿਆ ਦਾ ਫ਼ਲ ਸੁਖਮਨੀ ਸਾਹਿਬ ਵਿਚ ਬਖ਼ੂਬੀ ਦਰਜ ਕੀਤਾ ਗਿਆ ਹੈ। ਉਸ ਹਾਥੀ ਦੇ ਤਲਾਬ ਦੇ ਕੰਢੇ ਕਲੋਲ ਕਰਦਿਆਂ ਦੀ, ਇਸੇ ਮਗਰਮੱਛ ਨੇ ਲੱਤ ਫ਼ੜ ਲਈ। ਪੂਰੇ ਜਤਨ ਕਰਕੇ ਵੀ ਛੁਟ ਨਾਂ ਸਕਿਆ ਤਾਂ ਪੁਰਾਣੀ ਜਾਗੀ ਭਗਤੀ ਦੇ ਫ਼ਲ ਨਾਲ, ਪ੍ਰਭੂ ਨੂੰ ਪੁਕਾਰ ਕੀਤੀ। ਸਰਾਪ ਦਾ ਸਮਾਂ ਪੂਰਾ ਹੋ ਚੁਕਾ ਸੀ। ਹਥ ਤੇ ਚਕਰ ਧਾਰਣ ਕੀਤੇ ਭਗਵਾਨ ਜੀ ਨੇ, ਆਪਣੀ ਗੁਰ-ਜੋਤਿ, ਸ੍ਰੀ ਕ੍ਰਿਸ਼ਨ ਜੀ ਦੇ ਸਰੂਪ ਵਿਚ ਆ ਕੇ, ਸੁਦਰਸ਼ਨ ਚਕਰ ਨਾਲ ਮਗਰਮੱਛ ਦਾ ਸੰਘਾਰ ਕੀਤਾ। ਗੁਰਦੇਵ ਰਾਹੀਂ ਮੌਤ ਪਾਉਣ ਕਾਰਣ ਉਸਦੀ ਮੁਕਤੀ ਹੋਈ ਅਤੇ ਕ੍ਰਿਪਾ ਦ੍ਰਿਸ਼ਟੀ ਨਾਲ ਹਾਥੀ ਨੂੰ ਵੀ ਜੀਅ ਦਾਨ ਮਿਲਿਆ। ਭਗਤ ਨਾਮਦੇਵ ਜੀ ਨੇ, ਪੰਨਾ ੯੮੮ ਤੇ ਇਸ ਦੀ ਸਾਖੀ ਭਰੀ ਹੈ ਕਿ ਸੁਆਮੀ ਜੀ ਹਥ ਤੇ ਚੱਕਰ (ਸੁਦਰਸ਼ਨ) ਧਾਰਣ ਕਰ ਕੇ, ਬੈਕੁੰਠ ਤੋਂ ਆਏ ਅਤੇ ਹਾਥੀ ਦੇ ਪ੍ਰਾਣ ਬਚਾਏ ਅਤੇ ਉਸਦਾ ਉਧਾਰ ਕੀਤਾ - 'ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥' ਸ੍ਰੀ ਗੁਰੂ ਅਰਜਨ ਸਾਹਿਬ ਨੇ ਵੀ, ਪੰਨਾ ੧੧੯੨ ਤੇ, ਇਸ ਸਾਖੀ ਤੇ ਮੋਹਰ ਲਾਈ ਹੈ - 'ਗਨਿਕਾ ਉਧਰੀ ਹਰਿ ਕਹੈ ਤੋਤ॥ ਗਜਇੰਦ੍ਰ ਧਿਆਇਓ ਹਰਿ ਕੀਓ ਮੋਖ॥' ਇਸੇ ਤਰ੍ਹਾਂ ਸਾਧੂ ਦੇ ਬਚਨਾਂ ਦੀ ਪਾਲਣਾ ਕਰਦਿਆਂ, ਗਨਿਕਾ ਵੀ ਪਰਮਗਤੀ ਨੂੰ ਪ੍ਰਾਪਤ ਹੋਈ। ਗੁਰਬਾਣੀ ਵਿਚ ਹੋਰ ਵੀ ਕਈ ਪ੍ਰਮਾਣ ਮੌਜੂਦ ਹਨ।

ਨੌਵੇਂ ਪਾਤਸ਼ਾਹ, ਤਰਕ ਦੇ ਕੇ ਸਮਝਾ ਰਹੇ ਹਨ ਕਿ ਜ਼ਰਾ ਸੋਚੀਏ ! ਉਸ ਹਾਥੀ ਨੇ ਅਤੇ ਗਨਿਕਾ ਨੇ ਵੀ, ਕਿਹੜਾ ਕੋਈ ਗੁਣ ਧਾਰਣ ਕੀਤੇ ਸਨ, ਕਿਹੜਾ ਕਿਸੇ ਵੀ ਕਿਸਮ ਦੀ ਧਰਮ ਦੀ ਜਾਂ ਕੋਈ ਵੀ ਵਿਦਿਆ ਹਾਸਲ ਕੀਤੀ ਸੀ, ਕਿਹੜਾ ਕੋਈ ਧਰਮ ਅਪਨਾਇਆ ਸੀ ਜਾਂ ਕੋਈ ਧਰਮ ਕਰਮ ਕੀਤਾ ਸੀ। ਉਸ ਨੇ ਤਾਂ ਸਚੇ ਮਨ ਨਾਲ ਪ੍ਰਭੂ ਦੀ ਅਰਾਧਨਾ ਕੀਤੀ ਸੀ ਅਤੇ ਉਸ ਸਮੱਰਣ ਦੇ ਪ੍ਰਵਾਨ

ਹੋਣ ਕਰ ਕੇ, ਉਸ ਦੀ ਰਖਿਆ ਕਰ ਕੇ ਪ੍ਰਭੂ ਨੇ ਆਪਣੇ ਬਿਰਦ ਦੀ ਪੈਜ ਰਖੀ। ਤਾਂ ਕੀ ਹੇ ਬੰਦਿਆ ! ਜੇ ਤੂੰ ਸਚੇ ਮਨ ਨਾਲ ਪ੍ਰਭੂ ਦਾ ਨਾਮ ਜਪੇਂਗਾ ਤਾਂ ਕੀ ਉਹ ਤੇਰਾ ਸਹਾਈ ਨਹੀਂ ਹੋਵੇਗਾ ? ਜ਼ਰੂਰ ਹੋਵੇਗਾ।

ਸਾਧੂ ਦੀ ਸੰਗਤਿ ਅਤੇ ਨਾਮ ਸਿਮਰਨ, ਪ੍ਰਭੂ ਪ੍ਰਾਪਤੀ ਦੇ ਰਾਹ ਦੇ ਦੋ ਮੁਖ ਸਤੰਭ ਹਨ, ਜੋ ਜਦੋਂ ਇਕੱਠੇ ਹੋ ਜਾਣ ਤਾਂ ਪ੍ਰਭੂ ਪ੍ਰਾਪਤੀ, ਤਕਰੀਬਨ, ਨਿਸਚਿਤ ਹੋ ਜਾਂਦੀ ਹੈ। ਭਗਤ ਨਾਮਦੇਵ ਜੀ ਵੀ, ਪੰਨਾ ੧੧੦੫ ਤੇ ਇਹੀ ਉਪਦੇਸ਼ ਦੇ ਰਹੇ ਹਨ ਕਿ ਜਿਸ ਜਿਸ ਵਿਅਕਤੀ ਨੇ ਵੀ, ਗੁਰੂ ਦੇ ਦਿਤੇ ਮੰਤਰ/ਉਪਦੇਸ਼ ਦਾ ਸਿਮਰਣ ਅਤੇ ਸਾਧੂ ਦੀ ਸੰਗਤਿ ਕੀਤੇ ਹਨ ਉਹ ਲਾਜ਼ਮੀ ਤਰਿਆ ਹੀ ਤਰਿਆ ਹੈ - 'ਰਾਜਾ ਰਾਮ ਜਪਤ ਕੋ ਕੋ ਨ ਤਰਿਓ।। ਗੁਰ ਉਪਦੇਸਿ ਸਾਧ ਕੀ ਸੰਗਤਿ ਭਗਤੁ ਭਗਤੁ ਤਾ ਕੋ ਨਾਮੁ ਪਰਿਓ।।' ਇਹ ਪ੍ਰਭੂ ਦਾ ਨੇਮ ਹੈ ਕਿ ਜਿਸ ਨੇ ਵੀ ਇਹ ਦੋ ਕੰਮ ਕਰ ਲਏ ਅਤੇ ਸ਼ਰਣਾਗਤ ਹੋ ਗਿਆ, ਉਸ ਦਾ ਉਧਾਰ ਉਹ ਹਰ ਹਾਲ ਵਿਚ ਕਰ ਦਿੰਦਾ ਹੈ।



30.10.2020